ਪੰਜਾਬ ਸਰਕਾਰ

ਸਿੱਖਿਆ ਵਿਭਾਗ,

(ਸਿੱਖਿਆ -7, ਸਾਖਾ )

ਹੁਕਮ

1 ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਵਲ ਰਿਟ ਪਟੀਸਨ ਨੰ 10221/2012 ਗੁਰਵਿੰਦਰ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਵਿੱਚ ਮਿਤੀ 28.5.2012 ਨੂੰ ਹੇਠਾ ਲਿਖੇ ਆਦੇਸ ਦਿੱਤੇ ਹਨ :-

*(1) "The petitioners are working as Computer Teachers now on regular basis. They seek a mandamus to grant higher pay scale at par with the other Vocational Teachers in terms of the policy decisions dated 02.12.2010 and 19.12.2011 (Annexure P3 and P6, respectively).*

*(2) The above-stated claim is said to have been raised by the petitioners vide representation dated 25.01.2012 (Annexure P9) also.*

*(3) Having heard learned counsel for the petitioners and considering the nature of relief sought, however, without expressing any view on merits, I deem it appropriate to dispose of the writ petition with a direction to the respondents to consider and dispose of the petitioners' claim in the light of the policy decisions (Annexure P3 & P6) by passing a speaking order within a period of four months from the date of receipt of a certified copy of this order and in case found entitled to the said pay scale, to grant the same to the petitioner(s) within the period stipulated above."*

2. ਬਿਨੈਕਾਰਾਂ ਨੇ ਆਪਣੇ ਬੇਨਤੀ ਪੱਤਰ ਵਿੱਚ ਲਿਖਿਆ ਹੈ :-

" ਕਿ ਉਹ ਕੰਨਟ੍ਰੈਕਟ ਦੇ ਆਧਾਰ ਤੇ ਕੰਪਿਊਟਰ ਅਧਿਆਪਕ ਨਿਯੁਕਤ ਹੋਏ ਸਨ । ਮਿਤੀ 2.12.2010 ਨੂੰ ਹੋਏ ਸਰਕਾਰ ਦੇ ਇਸ ਫੈਸਲੇ ਕਿ 1.7.2011 ਨੂੰ ਢਾਈ ਸਾਲ ਦੀ ਸੇਵਾ ਰੱਖਣ ਵਾਲੇ ਕੰਪਿਊਟਰ ਅਧਿਆਪਕਾ ਨੂੰ ਰੈਗੂਲਰ ਕਰ ਦਿੱਤਾ ਜਾਵੇ, ਦੇ ਮੱਦੇਨਜ਼ਰ ਉਹਨਾਂ ਦੀਆ ਸੇਵਾਵਾਂ ਨਿਯਮਿਤ ਕਰ ਦਿੱਤੀਆ ਗਈਆ ਸਨ । 2.12.2010 ਦੀਆ ਹਦਾਇਤਾਂ ਵਿੱਚ ਇਹ

ਵੀ ਫੈਸਲਾ ਲਿਆ ਗਿਆ ਸੀ ਕਿ ਕੰਪਿਊਟਰ ਅਧਿਆਪਕਾਂ ਨੂੰ ਵੋਕੇਸ਼ਨਲ ਮਾਸਟਰਾਂ ਵਾਲਾ ਪੇਅ ਸਕੇਲ ਦਿੱਤਾ ਜਾਵੇਗਾ । ਇਸ ਫੈਸਲੇ ਅਤੇ ਸਰਕਾਰ ਦੇ ਪੱਤਰ 19.12.2011 ਤਹਿਤ ਕੰਪਿਊਟਰ ਅਧਿਆਪਕਾਂ ਨੂੰ 10300-34800 ਜਮਾਂ 5000 ਗ੍ਰੇਡ ਪੇ ਦੇ ਦਿੱਤੀ ਗਈ ਸੀ । ਬਾਅਦ ਵਿੱਚ ਵਿੱਤ ਵਿਭਾਗ ਦੀ ਨੋਟੀਫਿਕੇਸਨ ਮਿਤੀ 23.12.2011 ਰਾਹੀਂ ਬੈਚਲਰ ਡਿਗਰੀ ਜਾਂ ਮਾਸਟਰ ਡਿਗਰੀ ਰੱਖਣ ਵਾਲੇ ਵੋਕੇਸ਼ਨਲ ਮਾਸਟਰਾਂ ਦਾ ਸਕੇਲ 1.1.2012 ਤੋਂ 10300-34800 ਜਮਾਂ 5400 ਰਿਵਾਇਜ ਕਰ ਦਿੱਤਾ ਗਿਆ ਹੈ । ਕਿਉਂ ਕਿ ਕੰਪਿਊਟਰ ਅਧਿਆਪਕ ਵੀ ਮਾਸਟਰ ਡਿਗਰੀ ਵਾਲੀ ਉਹੋ ਯੋਗਤਾ ਰੱਖਦੇ ਹਨ, ਇਸ ਲਈ ਉਹ ਵੀ ਉਸੇ ਸਕੇਲ ਦੇ ਹੱਕਦਾਰ ਹਨ । ਵੋਕੇਸ਼ਨਲ ਮਾਸਟਰਾਂ ਦੇ ਬਰਾਬਰ ਦਾ ਸਕੇਲ ਕੰਪਿਊਟਰ ਅਧਿਆਪਕਾਂ ਨੂੰ ਦੇਣ ਦੇ ਸਰਕਾਰ ਦੇ ਫੈਸਲੇ ਦੇ ਮੱਦੇਨਜ਼ਰ ਉਹਨਾਂ ਨੂੰ 10300-34800 ਜਮਾਂ 5400 ਦਾ ਗ੍ਰੇਡ ਬਣਦੇ ਏਰੀਅਰ ਅਤੇ ਬਿਆਜ ਸਮੇਤ ਦਿੱਤਾ ਜਾਵੇ "।

3. ਬਿਨੈਕਾਰਾਂ ਦੀ ਮੰਗ ਨੂੰ ਚੰਗੀ ਤਰ੍ਹਾਂ ਵਿਚਾਰਿਆ ਗਿਆ। ਦਫਤਰੀ ਰਿਕਾਰਡ ਚੈੱਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਮੀਮੋ ਨੰ 1/49/2009-2ਸਿ7/9141-9184 ਮਿਤੀ 2.12.2010 ਰਾਹੀਂ ਹੇਠ ਲਿਖਿਆ ਫੈਸਲਾ ਜਾਰੀ ਕੀਤਾ ਗਿਆ :-

"2. ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਸਕੂਲ ਸਿੱਖਿਆ ਵਿਭਾਗ ਅਧੀਨ ਬਣਾਈਆ ਗਈਆਂ ਪਿਕਟਸ ਸੁਸਾਇਟੀਆਂ ਵਿੱਚ ਠੇਕੇ ਦੇ ਆਧਾਰ ਤੇ ਤੈਨਾਤ ਕੀਤੇ ਕੰਪਿਊਟਰ ਅਧਿਆਪਕਾਂ ਦੀਆ ਸੇਵਾਵਾਂ ਮਿਤੀ 1.7.2011 ਤੋਂ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਰੈਗੂਲਰ ਕਰਨ ਦੇ ਹੁਕਮ ਕਰਦੇ ਹਨ:-

"(ੳ) ਕੰਪਿਊਟਰ ਅਧਿਆਪਕਾਂ ਨੂੰ ਪਿਕਟਸ ਵਿੱਚ ਹੀ ਰੈਗੂਲਰ ਕੀਤਾ ਜਾਵੇਗਾ ;

(ਅ) ਸਿਰਫ ਉਹਨਾਂ ਕੰਪਿਊਟਰ ਅਧਿਆਪਕਾਂ ਨੂੰ ਹੀ ਰੈਗੂਲਰ ਕੀਤਾ ਜਾਵੇਗਾ ਜਿਨ੍ਹਾਂ ਨੇ ਮਿਤੀ 1.7.2011 ਨੂੰ ਢਾਈ ਸਾਲ ਦੀ ਸੇਵਾ ਪੂਰੀ ਕਰ ਲਈ ਹੋਵੇ ਅਤੇ ਇਸ ਦੇ ਨਾਲ ਹੀ ਉਨ੍ਹਾਂ ਦਾ ਕੰਮ ਅਤੇ ਪਰਫਾਰਮੈਂਸ ਵੀ ਠੀਕ ਰਹੀਂ ਹੋਵੇ । ਇਸ ਤੋਂ ਇਲਾਵਾ ਉਨ੍ਹਾਂ ਵਿਰੁੱਧ ਕੋਈ ਵਿਭਾਗੀ ਅਨੁਸ਼ਾਸਨੀ ਕਾਰਵਾਈ ਲੰਬਤ ਨਾ ਹੋਵੇ ;

(ੲ) ਇਨ੍ਹਾਂ ਅਧਿਆਪਕਾਂ ਨੂੰ ਵੋਕੇਸ਼ਨਲ ਮਾਸਟਰਾਂ ਦੇ ਬਰਾਬਰ ਮੁਢਲਾ ਸਕੇਲ 10790 ਰੁਪਏ ਦੇ ਦਿੱਤਾ ਜਾਵੇਗਾ । ਕੰਪਿਊਟਰ ਅਧਿਆਪਕਾਂ ਤੇ ਮਿਤੀ 1.7.2011 ਤੋਂ ਪੰਜਾਬ ਸਿਵਲ ਸੇਵਾਵਾਂ ਤਹਿਤ ਬਣੇ ਨਿਯਮ ਲਾਗੂ ਹੋਣਗੇ ਅਤੇ ਉਨ੍ਹਾਂ ਦੀ ਨਿਯੁਕਤੀ ਅਥਾਰਿਟੀ ਡਾਇਰੈਕਟਰ ਜਨਰਲ ਹੋਵੇਗਾ ;

(ੲ) ਇਨ੍ਹਾਂ ਅਧਿਆਪਕਾਂ ਨੂੰ ਉਨ੍ਹਾਂ ਵਲੋਂ ਨਿਯਮਿਤ ਹੋਣ ਤੋਂ ਪਹਿਲਾਂ ਕੰਟ੍ਰੈਕਟ ਤੇ ਕੀਤੀ ਸੇਵਾ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ ।"

4. ਉਕਤ ਪੱਤਰ ਜਾਰੀ ਹੋਣ ਉਪਰੰਤ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਇੱਕ ਹੋਰ ਪੱਤਰ ਮੀਮੋ ਨੰ 1/49/09-2ਸਿ7/2494-2536 ਮਿਤੀ 5.7.2011 ਜਾਰੀ ਕੀਤਾ ਗਿਆ ਜੋ ਕਿ ਹੇਠ ਦਿੱਤੇ ਅਨੁਸਾਰ ਹੈ :-

" ਉਪਰੋਕਤ ਵਿਸ਼ੇ ਤੇ ਸਰਕਾਰ ਦੇ ਮੀਮੋ ਨੰ 1/49/09-2ਸਿ7/9141-9184 ਮਿਤੀ 2.12.2010 ਦੀ ਲਗਾਤਾਰਤਾ ਵਿੱਚ ;

ਉਕਤ ਪੱਤਰ ਦੇ ਪੈਰਾ ਨੰ 2 ਦੇ ਲੜੀ ਨੰ (ਅ) ਅਤੇ (ੲ) ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ :-

(ਅ) ਉਹਨਾਂ ਕੰਪਿਊਟਰ ਅਧਿਆਪਕਾਂ ਨੂੰ ਹੀ ਰੈਗੂਲਰ ਕੀਤਾ ਜਾਵੇਗਾ ਜਿਨ੍ਹਾਂ ਨੇ ਮਿਤੀ 01.07.2011 ਨੂੰ ਢਾਈ ਸਾਲ ਦੀ ਸੇਵਾ ਪੂਰੀ ਕਰ ਲਈ ਹੋਵੇ ਅਤੇ ਇਸਦੇ ਨਾਲ ਹੀ ਉਨ੍ਹਾਂ ਦਾ ਕੰਮ ਅਤੇ ਪਰਫਾਰਮੈਂਸ ਵੀ ਠੀਕ ਰਹੀ ਹੋਵੇ । ਇਸ ਤੋਂ ਇਲਾਵਾ ਉਨ੍ਹਾਂ ਵਿਰੁੱਧ ਕੋਈ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਲੰਬਤ ਨਾ ਹੋਵੇ । ਮਿਤੀ 01.08.2011 ਅਤੇ ਉਸ ਤੋਂ ਬਾਅਦ ਵਿੱਚ ਉਪਰ ਦਿੱਤੇ ਪੱਤਰ ਵਿੱਚ ਦਰਜ ਸ਼ਰਤਾਂ ਅਨੁਸਾਰ ਹਰ ਚਾਰ ਮਹੀਨਿਆਂ ਉਪਰੰਤ ਜਿਹੜੇ ਕੰਪਿਊਟਰ ਅਧਿਆਪਕ ਢਾਈ ਸਾਲ ਦੀ ਸੇਵਾ ਪੂਰੀ ਕਰ ਲੈਂਦੇ ਹਨ, ਉਹਨਾਂ ਨੂੰ ਵੀ ਰੈਗੂਲਰ ਕੀਤਾ ਜਾਂਦਾ ਰਹੇਗਾ ।

(ੲ) ਇਹਨਾਂ ਕੰਪਿਊਟਰ ਅਧਿਆਪਕਾਂ ਨੂੰ ਵੋਕੇਸ਼ਨਲ ਮਾਸਟਰਾਂ ਦੇ ਬਰਾਬਰ ਪੇ ਸਕੇਲ 10300-34800 ਅਤੇ ਗਰੇਡ ਪੇ 3800/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇਗਾ । ਇਸ ਅਨੁਸਾਰ ਉਹਨਾਂ ਦੀ ਮੁੱਢਲੀ ਪੇ 10790 ਰੁਪਏ ਹੋਵੇਗੀ । ਇਸ ਤੋਂ ਇਲਾਵਾ ਹੋਰ ਮਿਲਣਯੋਗ ਭੱਤੇ ਦਿੱਤੇ ਜਾਣਗੇ । ਕੰਪਿਊਟਰ ਅਧਿਆਪਕਾਂ ਤੇ ਮਿਤੀ 01.07.2011 ਤੋਂ ਪੰਜਾਬ ਸਿਵਲ ਸੇਵਾਵਾਂ ਤਹਿਤ ਬਣੇ ਨਿਯਮ ਲਾਗੂ ਹੋਣਗੇ ਅਤੇ ਉਨ੍ਹਾਂ ਦੀ ਨਿਯੁਕਤੀ ਅਥਾਰਟੀ ਸਕੱਤਰ ਪਿਕਟਸ ਹੋਣਗੇ ।

ਇਸ ਤੋਂ ਇਲਾਵਾ ਉਕਤ ਹਵਾਲੇ ਨਾਲ ਜਾਰੀ ਪੱਤਰ ਵਿੱਚ ਪੈਰਾ ਨੰ 2 ਦੇ ਸਬ ਪੈਰਾ ਈ ਵਿੱਚ ਲੜੀ ਨੰ ੲ ਨੂੰ ਸ ਪੜ੍ਹਿਆ ਜਾਵੇ "

5. ਰਿਕਾਰਡ ਘੋਖਣ ਤੋਂ ਪਾਇਆ ਗਿਆ ਕਿ ਮੰਤਰੀ ਪ੍ਰੀਸ਼ਦ ਦੀ ਮਿਤੀ 17.12.2011 ਨੂੰ ਹੋਈ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾ ਦੀ ਤਨਖਾਹ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ :-

> " ਸਕੂਲ ਸਿੱਖਿਆ ਵਿਭਾਗ ਦੇ ਯਾਦ ਪੱਤਰ ਮਿਤੀ 16 ਦਸੰਬਰ 2011 ਤੇ ਵਿਚਾਰ-ਵਟਾਂਦਰੇ ਉਪਰੰਤ ਇਸ ਦੇ ਪੈਰਾ 2.0 ਵਿੱਚ ਦਰਜ ਤਜਵੀਜ ਦੀ ਪਰਵਾਨਗੀ ਇਸ ਸੋਧ ਨਾਲ ਦਿੱਤੀ ਗਈ ਕਿ ਉਨਾਂ ਨੂੰ ਵੱਖਰੇ ਤੋਂ ਤਨਖਾਹ ਸਕੇਲ 10300-34800 ਜਮਾਂ 5000/- ਰੁਪਏ ਦਾ ਗਰੇਡ ਪੇਅ ਦੇ ਦਿੱਤਾ ਜਾਵੇ ਅਤੇ ਇਨ੍ਹਾਂ ਨੂੰ ਵੋਕੇਸ਼ਨਲ ਲੈਕਚਰਾਰ ਨਾਲ ਨਾ ਜੋੜਿਆ ਜਾਵੇ " ।

6. ਉਪਰੋਕਤ ਫੈਸਲਾ ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਦੇ ਅ.ਵਿ.ਪੱ ਨੰ 1/429/2011-1ਕੈਬਨਿਟ/9139 ਮਿਤੀ 19.12.2011 ਰਾਹੀਂ ਜਾਰੀ ਕੀਤਾ ਗਿਆ ।

ਮੰਤਰੀ ਪ੍ਰੀਸ਼ਦ ਦੇ ਉਕਤ ਫੈਸਲੇ ਉਪਰੰਤ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ (ਸਿੱਖਿਆ 7ਸ਼ਾਖਾ ਦੇ ਮੀਮੋਂ ਨੰ. 1/49/09-2ਸਿ7/5320-62 ਮਿਤੀ 20.12.2011 ਰਾਹੀਂ ਹੇਠਾਂ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ:-

> "2. ਮਿਤੀ 01.07.2011 ਅਤੇ ਇਸ ਤੋਂ ਬਾਅਦ ਰੈਗੂਲਰ ਹੋਏ ਕੰਪਿਊਟਰ ਅਧਿਆਪਕਾਂ ਨੂੰ ਮਿਤੀ 01.01.2012 ਤੋਂ 10,300-34,800 + 5000/- ਰੁਪਏ ਗ੍ਰੇਡ ਪੇ ਦਾ ਸਕੇਲ ਪ੍ਰਤੀ ਮਹੀਨਾ ਦਿੱਤਾ ਜਾਵੇਗਾ। ਇਨ੍ਹਾਂ ਦੀ ਮੁਢਲੀ ਪੇ 18,450/- ਰੁਪਏ ਹੋਵੇਗੀ।
>
> 3. ਬਾਕੀ ਦੀਆਂ ਸ਼ਰਤਾਂ ਪਹਿਲਾਂ ਜਾਰੀ ਕੀਤੇ ਪੱਤਰਾਂ ਅਨੁਸਾਰ ਹੀ ਹੋਣਗੀਆਂ ।
>
> 4. ਇਹ ਪੱਤਰ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸ਼ਾਖਾ) ਵੱਲੋਂ ਆਪਣੇ ਅ.ਵਿ.ਪ.ਨੰ. 1/429/2011-ਕੈਬਨਿਟ /9139 ਮਿਤੀ 19.12.2011 ਰਾਹੀਂ ਕਨਵੇ ਕੀਤੇ ਮੰਤਰੀ ਪ੍ਰੀਸ਼ਦੀ ਦੀ ਮੀਟਿੰਗ ਮਿਤੀ 17.12.2011 ਦੇ ਫੈਸਲੇ ਤਹਿਤ ਦਿੱਤੀ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤਾ ਜਾਂਦਾ ਹੈ।"

7. ਬਾਅਦ ਵਿੱਚ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ (ਸਿੱਖਿਆ 7 ਸ਼ਾਖਾ) ਨੇ ਆਪਣੇ ਮੀਮੋ ਨੰ 1/49/09-2ਸਿ7/1067 ਮਿਤੀ 27.03.2012 ਰਾਹੀਂ ਸਪਸ਼ਟ ਤੌਰ ਤੇ ਹੇਠਾ ਲਿਖਿਆ ਫੈਸਲਾ ਕਨਵੇ ਕੀਤਾ :-

" ਉਪਰੋਕਤ ਵਿਸ਼ੇ ਤੇ ਆਪ ਦੇ ਆਨ ਲਾਈਨ ਨੰ 128117 ਮਿਤੀ 1.3.12 ਦੇ ਹਵਾਲੇ ਵਿੱਚ ।

2 ਵਿਸ਼ਾ ਅੰਕਿਤ ਮੁੱਦੇ ਨੂੰ ਵਿਚਾਰਨ ਹਿਤ ਸਿੱਖਿਆ ਵਿਭਾਗ ਵੱਲੋਂ ਪੇਸ਼ ਕੀਤੇ ਮੈਮੋਰੰਡਮ ਵਿੱਚ ਦਰਜ ਤਜਵੀਜ ਨੂੰ ਮੰਤਰੀ ਪ੍ਰੀਸ਼ਦ ਦੀ ਮਿਤੀ 17.12.11 ਨੂੰ ਹੋਈ ਮੀਟਿੰਗ ਵਿੱਚ ਇਸ ਸੋਧ ਨਾਲ ਪ੍ਰਵਾਨ ਕੀਤਾ ਗਿਆ ਸੀ ਕਿ ਪਿਕਟਸ ਅਧੀਨ ਰੈਗੂਲਰ ਹੋਏ ਕੰਪੂਟਰ ਅਧਿਆਪਕਾਂ ਨੂੰ ਵੱਖਰੇ ਤੌਰ ਤੇ ਤਨਖਾਹ ਸਕੇਲ 10,300-34800+5000/-ਰੁਪਏ ਦਾ ਗ੍ਰੇਡ ਪੇ ਦਿੱਤਾ ਜਾਵੇ ਅਤੇ ਇਨ੍ਹਾਂ ਨੂੰ ਵੋਕੇਸ਼ਨਲ ਲੈਕਚਰਾਰ ਨਾਲ ਨਾ ਜੋੜਿਆ ਜਾਵੇ ।

3. ਇਸ ਲਈ ਉਕਤ ਹਵਾਲੇ ਨਾਲ ਪ੍ਰਾਪਤ ਤਜਵੀਜ ਤੇ ਅੱਗੇ ਵਿਚਾਰ ਕਰਨਾ ਨਹੀਂ ਬਣਦਾ । ਇਹ ਪ੍ਰਵਾਨਗੀ ਸਕੱਤਰ, ਸਕੂਲ ਸਿੱਖਿਆ ਜੀ ਦੀ ਸਹਿਮਤੀ ਉਪਰੰਤ ਜਾਰੀ ਕੀਤੀ ਜਾਂਦੀ ਹੈ ।"

8 ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 17.12.2011 ਨੂੰ ਹੋਈ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਨੂੰ 10300-34800+5000/- ਰੁਪਏ ਦਾ ਗਰੇਡ ਪੇਅ ਦੇਣ ਅਤੇ ਇਨ੍ਹਾਂ ਨੂੰ ਵੋਕੇਸ਼ਨਲ ਲੈਕਚਰਾਰ ਨਾਲ ਨਾ ਜੋੜਨ ਦਾ ਫੈਸਲਾ ਲਿਆ ਗਿਆ ਹੈ ਜੋ ਕਿ ਪੰਜਾਬ ਸਰਕਾਰ ਦੇ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਵੱਲੋਂ ਅੰ.ਵਿ.ਪੱ. 1/429/2011-1 ਕੈਬਿਨਟ/9139 ਮਿਤੀ 19.12.2011 ਰਾਹੀਂ ਜਾਰੀ ਕੀਤਾ ਗਿਆ ਹੈ। ਮੰਤਰੀ ਪ੍ਰੀਸ਼ਦ ਵੱਲੋਂ ਕੰਪਿਊਟਰ ਅਧਿਆਪਕਾਂ ਨੂੰ 10,300-34,800+ 5000/- ਰੁਪਏ ਦਾ ਗ੍ਰੇਡ ਪੇ ਸੋਚ ਵਿਚਾਰ ਕੇ ਦਿੱਤਾ ਗਿਆ ਹੈ।

ਸੋ ਉਪਰੋਕਤ ਦੇ ਮੱਦੇਨਜ਼ਰ ਸ਼੍ਰੀ ਗੁਰਵਿੰਦਰ ਸਿੰਘ ਤੇ ਹੋਰਨਾਂ ਦਾ ਕਲੇਮ ਮੰਨਣਯੋਗ ਨਹੀ ਹੈ।

**ਸਕੱਤਰ ਸਕੂਲ ਸਿੱਖਿਆ,**

**ਪੰਜਾਬ**

ਪਿਠ ਅੰਕਣ ਨੰ: 1/49109-2ਸਿ 7/2506-15 ਮਿਤੀ 19 ਜੁਲਾਈ, 2012

ਇਸ ਦਾ ਉਤਾਰਾ ਹੇਠਾ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

(1) ਸ. ਗੁਰਵਿੰਦਰ ਸਿੰਘ ਪੁੱਤਰ ਸ. ਨਿਸ਼ਾਨ ਸਿੰਘ, ਸਰਕਾਰੀ ਸੀਨੀਅਰ ਸੈਕਕੰਡਰੀ ਸਕੂਲ, ਡੇਰਾ ਬਾਬਾ ਨਾਨਕ (ਗੁਰਦਾਸਪੁਰ)

(2) ਸ. ਗੁਰਿੰਦਰ ਸਿੰਘ ਪੁੱਤਰ ਸ. ਬਲਵਿੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਖਪੁਰ (ਗੁਰਦਾਸਪੁਰ)

(3) ਸ. ਜਸਬੀਰ ਸਿੰਘ ਪੁੱਤਰ ਸ. ਬਲਦੇਵ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡੇਹਰ ਫੱਤੂਪੁਰ (ਗੁਰਦਾਸਪੁਰ)

(4) ਸ. ਗੁਰਪ੍ਰੀਤ ਸਿੰਘ ਪੁੱਤਰ ਸ. ਹਰਭਜਨ ਸਿੰਘ, ਸਰਕਾਰੀ ਹਾਈ ਸਕੂਲ, ਰੋਸੇ (ਗੁਰਦਾਸਪੁਰ)

(5) ਸ਼੍ਰੀ ਰਾਜ ਸੁਰਿੰਦਰ ਸਿੰਘ ਪੁੱਤਰ ਸ. ਹਰਜਿੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਿਆਲੀ ਕਲਾਂ (ਗੁਰਦਾਸਪੁਰ)

(6) ਸ. ਪਵਿੱਤਰ ਪਾਲ ਸਿੰਘ ਪੁੱਤਰ ਸ. ਸਵਿੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧੂਪਸਰੀ (ਗੁਰਦਾਸਪੁਰ)

(7) ਸ. ਲਵਜੀਤ ਸਿੰਘ ਪੁੱਤਰ ਸ. ਵੀਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੰਡਲ (ਗੁਰਦਾਸਪੁਰ)

(8) ਸ. ਗੁਰਿੰਦਰਜੀਤ ਸਿੰਘ ਪੁੱਤਰ ਸ. ਕਸ਼ਮੀਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ਕਰਪੁਰ (ਗੁਰਦਾਸਪੁਰ)

(9) ਸ਼੍ਰੀ ਮਦਨ ਲਾਲ ਪੁੱਤਰ ਸ. ਗੁਰਬਚਨ ਲਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਤਾਰਾਗੜ੍ਹ (ਗੁਰਦਾਸਪੁਰ)

(10) ਸ. ਓਕਾਰ ਸਿੰਘ ਪੁੱਤਰ ਸ. ਬਾਵਾ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਲਪੁਰੀਆ (ਗੁਰਦਾਸਪੁਰ)

ਸਕੱਤਰ ਸਕੂਲ ਸਿੱਖਿਆ,

ਪੰਜਾਬ